TIPS FOR PARENTS

# Solving Problems at School




## ਸਕੂਲ ਵਿਖੇ ਮੁਸ਼ਕਲਾਂ ਦਾ ਹੱਲ ਕਰਨਾ

ਕਈ ਵਾਰੀ ਮਾਂ-ਬਾਪ ਨੂੰ ਸਕੂਲ ਦੇ ਕੰਮ ਸੰਬੰਧੀ, ਉਨ੍ਹਾਂ ਦੇ ਬੱਚੇ ਦੇ ਕਿਸੇ ਹੋਰ ਵਿਦਿਆਰਥੀ ਨਾਲ ਸੰਬੰਧ ਬਾਰੇ, ਜਾਂ ਬੱਚੇ ਦੀਆਂ ਕਿਸੇ ਖਾਸ ਲੋੜਾਂ ਬਾਰੇ ਅਧਿਆਪਕ ਨਾਲ ਗੱਲ ਕਰਨ ਦੀ ਲੋੜ ਹੁੰਦੀ ਹੈ। ਬਹੁਤੇ ਅਧਿਆਪਕ ਮਾਂ-ਬਾਪ ਵੱਲੋਂ ਇਸ ਤਰ੍ਹਾਂ ਦੇ ਫ਼ੋਨ ਕੀਤੇ ਜਾਣ ਦੇ ਆਦੀ ਹੁੰਦੇ ਹਨ ਅਤੇ ਉਨ੍ਹਾਂ ਦੇ ਬੱਚੇ ਨੂੰ ਸਕੂਲ ਵਿੱਚ ਕਾਮਯਾਬ ਹੋਣ ਵਿੱਚ ਮਦਦ ਦੇਣਾ ਚਾਹੁੰਦੇ ਹੁੰਦੇ ਹਨ।

### *ਮਾਂ-ਬਾਪ ਵਿੱਦਿਆ ਵਿੱਚ ਭਾਈਵਾਲਾਂ ਦੇ ਤੌਰ ਤੇ*

ਓਨਟੇਰੀਓ ਵਿੱਚ ਮਾਂ-ਬਾਪ ਨੂੰ ਬੱਚੇ ਦੀ ਵਿੱਦਿਆ ਵਿੱਚ ਮੁੱਖ ਭਾਈਵਾਲ ਬਣਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਸੱਚੀ ਗੱਲ ਤਾਂ ਇਹ ਹੈ ਕਿ ਅੱਜ-ਕੱਲ ਐਜੂਕੇਸ਼ਨ ਮਨਿਸਟਰੀ ਦਾ ਇੱਕ ਹਿੱਸਾ ਮਾਂ-ਬਾਪ ਨੂੰ ਬੱਚੇ ਦੀ ਵਿੱਦਿਆ ਅਤੇ ਸਕੂਲ ਕਮਿਊਨਿਟੀ ਵਿੱਚ ਸ਼ਮੂਲੀਅਤ ਕਰਨ ਵਿੱਚ ਮਦਦ ਕਰਨ ਪ੍ਰਤੀ ਸਮਰਪਿਤ ਹੈ।

ਪਰ ਇਹ ਪ੍ਰਣਾਲੀ ਕਈ ਵਾਰੀ ਝੁੰਜਲਾਹਟ ਭਰੀ ਜਾਂ ਦਬਕਾਉਂਦੀ ਮਹਿਸੂਸ ਹੋ ਸਕਦੀ ਹੈ। ਜੇ ਤੁਸੀਂ ਕੋਈ ਗੱਲ ਪੁੱਛਣੀ ਹੋਵੇ ਤਾਂ ਤੁਹਾਨੂੰ ਕਿਸ ਨਾਲ ਗੱਲ ਕਰਨੀ ਚਾਹੀਦੀ ਹੈ?

ਜੇ ਤੁਸੀਂ ਫੋਨ ਤੇ ਅਧਿਆਪਕ ਨਾਲ ਗੱਲ ਕਰਨੀ ਚਾਹੁੰਦੇ ਹੋ, ਸਕੂਲ ਦੇ ਦਫ਼ਤਰ ਵਿਖੇ ਫ਼ੋਨ ਕਰੋ, ਸੁਨੇਹਾ ਛੱਡ ਦਿਉ ਅਤੇ ਅਧਿਆਪਕ ਤੁਹਾਨੂੰ ਵਾਪਸ ਫ਼ੋਨ ਕਰੇਗਾ।

ਜੇ ਤੁਸੀਂ ਅਧਿਆਪਕ ਨੂੰ ਮਿਲਣਾ ਚਾਹੁੰਦੇ ਹੋ, ਸਕੂਲ ਦੇ ਦਫ਼ਤਰ ਵਿਖੇ ਫ਼ੋਨ ਕਰੋ, ਅਤੇ ਅਧਿਆਪਕ ਨੂੰ ਮਿਲਣ ਲਈ ਵਕਤ ਤੈਅ ਕਰਨ ਵਾਸਤੇ ਸੁਨੇਹਾ ਛੱਡ ਦਿਉ। ਜੇ ਤੁਸੀਂ ਮਹਿਸੂਸ ਕਰਦੇ ਹੋ ਕਿ ਤੁਹਾਡੇ ਬੱਚੇ ਨੂੰ ਕਿਸੇ ਵਿਸ਼ੇਸ਼ ਪ੍ਰੋਗਰਾਮ ਲਈ ਵਾਧੂ ਹਿਮਾਇਤ ਦੀ ਲੋੜ ਹੈ, ਤੁਹਾਨੂੰ ਅਧਿਆਪਕ ਅਤੇ ਸਕੂਲ ਦੇ ਹੋਰ ਸਟਾਫ ਨਾਲ ਮੁਲਾਕਾਤ ਲਈ ਵਕਤ ਮੰਗਣਾ ਚਾਹੀਦਾ ਹੈ। ਕਈ ਸਕੂਲ ਇੰਟਰਪ੍ਰੈੱਟਰ ਵੀ ਮੁਹੱਈਆ ਕਰਦੇ ਹਨ।

ਸਕੂਲ ਦੇ ਸਟਾਫ਼ ਨਾਲ ਗੱਲ ਕਰਨ ਲਈ ਹੇਠਾਂ ਕੁਝ ਨੁਕਤੇ ਦਿੱਤੇ ਜਾ ਰਹੇ ਹਨ:

### *ਆਪਣੇ ਬੱਚੇ ਨਾਲ ਗੱਲ ਕਰੋ*

- ਜਾਣਕਾਰੀ ਇਕੱਠੀ ਕਰਨ ਵਿੱਚ ਮਦਦ ਲਈ ਆਪਣੇ ਬੱਚੇ ਨੂੰ ਸਵਾਲ ਪੁੱਛੋ।
- ਇਸ ਤਰ੍ਹਾਂ ਦੇ ਸਵਾਲ ਪੁੱਛਣ ਦੀ ਕੋਸ਼ਿਸ਼ ਕਰੋ ਜਿਨ੍ਹਾਂ ਵਿੱਚ ਜਵਾਬ ਦੇਣ ਲਈ ਕੋਈ ਸੇਧ ਨਾ ਹੋਵੇ, ਜਿਵੇਂ " ... ਬਾਰੇ ਤੈਨੂੰ ਕਿਹੜੀ ਗੱਲ ਔਖੀ ਲੱਗਦੀ ਹੈ...?" "ਮੈਨੂੰ ਦੱਸ ਕੀ ਹੋਇਆ ਸੀ?"

ਸੁਣੋ ਕਿ ਬੱਚਾ ਕੀ ਜਵਾਬ ਦਿੰਦਾ ਹੈ ਅਤੇ ਫਿਰ ਹੋਰ ਸਵਾਲ ਕਰੋ।

### *ਆਪਣੇ ਬੱਚੇ ਦੇ ਅਧਿਆਪਕ ਨਾਲ ਗੱਲ ਕਰੋ*

- ਅਧਿਆਪਕ ਨੂੰ ਆਪਣੇ ਫ਼ਿਕਰ ਦੱਸੋ ਅਤੇ ਇਹ ਵੀ ਤੁਹਾਡਾ ਬੱਚਾ ਕੀ ਮਹਿਸੂਸ ਕਰਦਾ ਹੈ।
- ਇਸ ਤਰ੍ਹਾਂ ਦੀਆਂ ਟਿੱਪਣੀਆਂ ਕਰਨ ਦੀ ਕੋਸ਼ਿਸ਼ ਕਰੋ ਕਿ "ਮੇਰੇ ਬੱਚੇ ਨੇ ਮੈਨੂੰ ਦੱਸਿਆ ਹੈ ਕਿ ... "
- ਸਕੂਲ ਦੀਆਂ ਨੀਤੀਆਂ ਅਤੇ ਕਾਰਵਾਈਆਂ ਸਮਝਣ ਵਿੱਚ ਮਦਦਗਾਰ ਸਵਾਲ ਪੁੱਛੋ।
- ਅਧਿਆਪਕ ਦੇ ਵਿਚਾਰ ਅਤੇ ਸੁਝਾਅ ਸੁਣੋ।
- ਇਸ ਗੱਲ ਬਾਰੇ ਵਿਚਾਰ ਕਰੋ ਕਿ ਤੁਸੀਂ ਅਤੇ ਅਧਿਆਪਕ ਕੀ ਅਜਿਹਾ ਕਰੋਂਗੇ ਜਿਸ ਨਾਲ ਬੱਚੇ ਨੂੰ ਤੁਹਾਡੇ ਅਤੇ ਅਧਿਆਪਕ ਤੋਂ ਉਹੋ ਹੀ ਨਸੀਹਤ ਮਿਲੇ।
- ਤੁਸੀ ਅਧਿਆਪਕ ਦੀ ਗੱਲ ਤੇ ਸੋਚ-ਵਿਚਾਰ ਕਰਨ ਲਈ ਸਮਾਂ ਲਾਉ; ਕਿਸੇ ਵੀ ਗੱਲ ਦਾ ਫ਼ੈਸਲਾ ਤੁਹਾਨੂੰ ਤੁਰੰਤ ਕਰਨ ਦੀ ਲੋੜ ਨਹੀਂ।
- ਜੇ ਹੱਲ ਸਫ਼ਲ ਹੋ ਰਿਹਾ ਹੋਵੇ ਤਾਂ ਦੁਬਾਰਾ ਗੱਲ ਕਰਨ ਲਈ ਸਹਿਮਤ ਹੋਵੋ।

### *ਪ੍ਰਿੰਸੀਪਲ ਜਾਂ ਵਾਈਸ-ਪ੍ਰਿੰਸੀਪਲ ਨਾਲ ਗੱਲ ਕਰੋ*

ਜੇ ਅਧਿਆਪਕ ਮਦਦ ਨਾ ਕਰ ਸਕੇ, ਪ੍ਰਿੰਸੀਪਲ ਜਾਂ ਵਾਈਸ-ਪ੍ਰਿੰਸੀਪਲ ਨਾਲ ਗੱਲ ਕਰੋ। ਜਾਂ ਤਾਂ ਉਹ ਸਿੱਧੀ ਗੱਲ ਕਰ ਸਕਦੇ ਹਨ ਜਾਂ ਦੂਸਰੇ ਅਧਿਆਪਕਾਂ ਅਤੇ ਤੁਹਾਡੇ ਸਕੂਲ ਵਿਚਲੇ ਸਟਾਫ਼ ਨੂੰ ਸ਼ਾਮਲ ਕਰ ਸਕਦੇ ਹਨ।

### *ਸਕੂਲ ਦੇ ਸੁਪਰਡੈਂਟ ਨਾਲ ਗੱਲ ਕਰੋ*

ਜੇ ਮਸਲਾ ਹਾਲੇ ਵੀ ਹੱਲ ਨਾ ਹੋਵੇ, ਮਦਦ ਲਈ ਸਕੂਲ ਦੇ ਸੁਪਰਡੈਂਟ ਨਾਲ ਗੱਲ ਕਰੋ। ਸਕੂਲ ਦਾ ਸੈਕਟਰੀ ਜਾਂ ਪ੍ਰਿੰਸੀਪਲ ਤੁਹਾਨੂੰ ਦੱਸ ਸਕਦੇ ਹਨ ਕਿ ਸੁਪਰਡੈਂਟ ਨਾਲ ਸੰਪਰਕ ਕਿਵੇਂ ਕਰਨਾ ਹੈ ਜਾਂ ਜਾਣਕਾਰੀ ਹਾਸਲ ਕਰਨ ਲਈ ਤੁਸੀਂ ਨੇੜੇ ਦੇ ਸਕੂਲ ਬੋਰਡ ਦੀ ਵੈੱਬਸਾਈਟ ਵੇਖ ਸਕਦੇ ਹੋ।

### *ਯਾਦ ਰੱਖੋ:*

- ਜਾਣਕਾਰ ਬਣੋ: ਸਕੂਲ ਦੀਆਂ ਨੀਤੀਆਂ ਬਾਰੇ ਪਤਾ ਲਾਉ।
- ਸਭ ਪੇਰੈਂਟ-ਟੀਚਰ (ਮਾਪਿਆਂ ਅਤੇ ਅਧਿਆਪਕਾਂ ਦੀਆਂ) ਇੰਟਰਵਿਊ ਅਤੇ ਸਮਾਗਮਾਂ ਵਿੱਚ ਹਿੱਸਾ ਲਉ। ਜੇ ਤੁਸੀਂ ਅਤੇ ਅਧਿਆਪਕ ਪਹਿਲਾਂ ਹੀ ਮਿਲ ਚੁੱਕੇ ਹੋ ਤਾਂ ਮਸਲਿਆਂ ਦਾ ਹੱਲ ਕੱਢਣਾ ਸੌਖਾ ਹੁੰਦਾ ਹੈ।
- ਤੁਹਾਡੇ ਬੱਚੇ ਦੇ ਸੰਬੰਧ ਵਿੱਚ ਹੋਣ ਵਾਲੀ ਕਿਸੇ ਵੀ ਮੀਟਿੰਗ (ਜਿਵੇਂ ਸਪੈਸ਼ਲ ਐਜੂਕੇਸ਼ਨ, ਆਈ.ਈ.ਪੀ., ਸਕੂਲ ਅਨੁਸ਼ਾਸਨ) ਵਿੱਚ ਜੇ ਸਕੂਲ ਵੱਲੋਂ ਤੁਹਾਨੂੰ ਆਉਣ ਲਈ ਸੱਦਾ ਦਿੱਤਾ ਜਾਵੇ ਤਾਂ ਜ਼ਰੂਰ ਜਾਉ।
- ਜੇ ਤੁਹਾਡੀ ਮੁਸ਼ਕਲ ਆਸਾਨੀ ਨਾਲ ਹੱਲ ਨਹੀਂ ਕੀਤੀ ਜਾ ਸਕਦੀ, ਤਾਂ ਅਹਿਮ ਮੀਟਿੰਗਾਂ ਅਤੇ ਗੱਲਬਾਤਾਂ ਬਾਰੇ ਲਿਖਤੀ ਨੋਟ ਰੱਖੋ।
- ਜੇ ਤੁਸੀਂ ਅੰਗਰੇਜ਼ੀ ਵਿੱਚ ਗੱਲਬਾਤ ਕਰਨ ਵਿੱਚ ਸੌਖ ਨਹੀਂ ਮਹਿਸੂਸ ਕਰਦੇ ਤਾਂ ਇੰਟਰਪ੍ਰੈੱਟਰ ਮੰਗੋ।
- ਬੱਚਿਆਂ ਬਾਰੇ ਸਾਡੇ ਫ਼ਿਕਰ ਬੜੇ ਪਰੇਸ਼ਾਨ ਕਰਨ ਵਾਲੇ ਹੋ ਸਕਦੇ ਹਨ। ਸ਼ਾਂਤ ਰਹਿਣ ਦੀ ਕੋਸ਼ਿਸ਼ ਕਰੋ। ਜੇ ਤੁਸੀਂ ਆਪਣੇ ਫ਼ਿਕਰ ਸ਼ਾਤ ਰਹਿ ਕੇ ਦੱਸਦੇ ਹੋ ਤਾਂ ਲੋਕਾਂ ਵੱਲੋਂ ਉਨ੍ਹਾਂ ਨੂੰ ਤੇ ਗੌਰ ਕਰਨ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ।

### *ਵਧੇਰੇ ਜਾਣਕਾਰੀ ਲਈ:*

ਪੀਪਲ ਫ਼ਾਰ ਐਜੂਕੇਸ਼ਨ ਨੂੰ 416-534-0100 ਤੇ ਫ਼ੋਨ ਕਰੋ ਜਾਂ ਹੋਰਨਾ ਭਾਸ਼ਾਵਾਂ ਵਿੱਚ ਟਿੱਪ ਸ਼ੀਟ ਦੀਆਂ ਕਾਪੀਆਂ ਹਾਸਲ ਕਰਨ ਲਈ www.peopleforeducation.com ਵੈੱਬਸਾਈਟ ਵੇਖੋ।

www.edu.gov.on.com ਤੇ ਮਨਿਸਟਰੀ ਆਫ਼ ਐਜੂਕੇਸ਼ਨ ਦੀ ਵੈੱਬਸਾਈਟ ਵੇਖੋ।

ਕਈ ਭਾਸ਼ਾਵਾਂ ਵਿੱਚ ਵੀਡੀਉ ਅਤੇ ਜਾਣਕਾਰੀ ਲਈ www.settlement.org/edguide ਵੈੱਬਸਾਈਟ ਵੇਖੋ।

people for Education
BECAUSE EDUCATION MATTERS MOST

Copies are available in several languages at *www.peopleforeducation.com.*
For more information, call 416-534-0100 or email: *info@peopleforeducation.com*
© People for Education 2009
THE ONTARIO TRILLIUM FOUNDATION
LA FONDATION TRILLIUM DE L'ONTARIO
toronto community foundation